ਭਾਈਚਾਰੇ ਵਿਚ ਸਰਕਾਰੀ ਰਕਮਾਂ ਨਾਲ ਚੱਲਣ ਵਾਲੀਆਂ ਵਿਹਾਰ ਸਬੰਧੀ ਸਿਹਤ ਸੇਵਾਵਾਂ ਲੈਣ ਵਾਲੇ ਵਿਅਕਤੀ ਵਜੋਂ ਮੇਰੇ ਕੀ ਹੱਕ ਹਨ?

ਤੁਹਾਡੇ ਹੇਠਾਂ ਦਿੱਤੇ ਹੱਕ ਹਨ:

- ਮੈਡਿਕਏਡ ਹੇਠ ਆਉਣ ਵਾਲੀਆਂ ਜਿਹਨਾਂ ਸੇਵਾਵਾਂ ਲਈ ਤੁਸੀਂ ਕਿਹਾ ਸੀ, ਬਾਰੇ ਜਾਣਕਾਰੀ ਅਤੇ ਸੇਵਾਵਾਂ ਲੈਣੀਆਂ
- ਸਤਿਕਾਰ, ਮਾਣ ਅਤੇ ਰਾਜ਼ਦਾਰੀ ਵਾਲਾ ਵਿਹਾਰ ਕੀਤਾ ਜਾਏ
- ਤੁਹਾਡੀ ਸੰਭਾਲ ਬਾਰੇ ਫ਼ੈਸਲੇ ਲੈਣ ਵਿਚ ਮਦਦ ਕਰਨੀ, ਜਿਸ ਵਿਚ ਇਲਾਜ ਮਨ੍ਹਾ ਕਰਨ ਦਾ ਹੱਕ ਸ਼ਾਮਿਲ ਹੈ
- ਕੋਈ ਪਾਬੰਦੀ ਜਾਂ ਇਕੱਲਾਪਣ ਨਾ ਹੋਣਾ
- ਵਿਹਾਰ ਸਬੰਧੀ ਸਿਹਤ-ਸੰਭਾਲ ਬਾਰੇ ਮਰੀਜ਼ ਦੇ ਹੱਕਾਂ ਦੀ ਕਾੱਪੀ ਲੈਣੀ
- ਆਪਣੇ ਮੈਡੀਕਲ ਰਿਕਾੱਰਡਾਂ ਦੀ ਕਾੱਪੀ ਲੈਣੀ ਅਤੇ ਉਹਨਾਂ ਵਿਚ ਸੁਧਾਰ ਕਰਨ ਜਾਂ ਠੀਕ ਕਰਨ ਦੀ ਬੇਨਤੀ ਕਰਨੀ
- ਉਪਲਬਧ ਵਿਹਾਰ ਸਬੰਧੀ ਸਿਹਤ ਲਾਭਾਂ ਬਾਰੇ ਜਾਣਕਾਰੀ ਲੈਣੀ
- ਜੇ ਤੁਸੀਂ ਸੰਤੁਸ਼ਟ ਨਹੀਂ ਹੋ, ਤਾਂ ਸ਼ਿਕਾਇਤ, ਅਪੀਲ ਜਾਂ ਪ੍ਰਸ਼ਾਸਨੀ ਸੁਣਵਾਈ ਦਾਇਰ ਕਰਨੀ
- ਸੰਕਟ ਵੇਲੇ ਕੰਮ ਆਉਣ ਵਾਲੇ ਫੋਨ ਨੰਬਰਾਂ ਦੀ ਸੂਚੀ ਲੈਣੀ
- ਕਿਸੇ ਵੀ ਸਮੇਂ ਆਪਣੇ ਪ੍ਰੋਵਾਈਡਰਾਂ ਜਾਂ ਕੇਸ ਮੈਨੇਜਰਾਂ ਨੂੰ ਬਦਲਣਾ ਅਤੇ ਸ਼ਿਕਾਇਤ, ਅਪੀਲ ਜਾਂ ਨਿਰਪੱਖ ਸੁਣਵਾਈ ਦਾਇਰ ਕਰਨ ਵਿਚ ਲੋਕਪਾਲ ਦੀਆਂ ਸੇਵਾਵਾਂ ਲੈਣੀਆਂ
- ਬਿਨਾ ਕਿਸੇ ਅੜਿੱਕੇ ਵਾਲੀ ਥਾਂ (ਪਹੁੰਚਯੋਗ) ਵਿਚ ਸੇਵਾਵਾਂ ਲੈਣੀਆਂ
- ਨਾਂ, ਪਤਾ, ਟੈਲੀਫੋਨ ਨੰਬਰ ਅਤੇ ਸਲਾਨਾ ਜਾਂ ਜਿਸ ਵੇਲੇ ਤੁਸੀਂ ਇਸਦੀ ਬੇਨਤੀ ਕਰੋ, ਆਪਣੇ BHO ਵਿਚ ਪ੍ਰੋਵਾਈਡਰਾਂ ਦੀ ਅੰਗ੍ਰੇਜ਼ੀ ਤੋਂ ਛੁੱਟ ਕਿਸੇ ਹੋਰ ਭਾਸ਼ਾਵਾਂ ਦੀ ਪੇਸ਼ਕਸ਼ ਪ੍ਰਾਪਤ ਕਰਨੀ
- ਤੁਹਾਨੂੰ ਲੋੜੀਂਦੀ ਸੇਵਾਵਾਂ ਦੀ ਮਾਤਰਾ ਅਤੇ ਮਿਆਦ ਪ੍ਰਾਪਤ ਕਰਨੀ
- ਜੇ ਸੇਵਾਵਾਂ ਮਨ੍ਹਾ ਕੀਤੀਆਂ ਗਈਆਂ ਹਨ, ਸੀਮਤ ਕੀਤੀਆਂ ਗਈਆਂ ਹਨ, ਘਟਾਈਆਂ ਗਈਆਂ ਹਨ, ਰੱਦ ਕੀਤੀਆਂ ਗਈਆਂ ਹਨ ਜਾਂ ਖ਼ਤਮ ਕੀਤੀਆਂ ਗਈਆਂ ਹਨ ਜਾਂ ਤੁਸੀਂ ਪਲਾਨ ਨਾਲ ਅਸਹਿਮਤ ਹੋ, ਤਾਂ BHO ਤੋਂ ਲਿਖਤੀ ਕਾਰਵਾਈ ਦਾ ਨੋਟਿਸ ਪ੍ਰਾਪਤ ਕਰਨਾ
- BHO ਦੇ ਢਾਂਚੇ ਅਤੇ ਕਾਰਜ ਬਾਰੇ ਜਾਣਕਾਰੀ ਲੈਣੀ
- ਤੁਰੰਤ, ਫ਼ੌਰੀ ਸੰਭਾਲ ਜਾਂ ਸੰਕਟ ਵੇਲੇ ਦੀਆਂ ਸੇਵਾਵਾਂ ਲੈਣੀਆਂ
- ਤੁਹਾਡੇ ਵਲੋਂ ਤੁਰੰਤ, ਫ਼ੌਰੀ ਸੰਭਾਲ ਜਾਂ ਸੰਕਟ ਵੇਲੇ ਦੀਆਂ ਸੇਵਾਵਾਂ ਲੈਣੀਆਂ, ਜਿਸ ਕਰਕੇ ਤੁਹਾਨੂੰ ਹਸਪਤਾਲ ਵਿਚ ਦਾਖ਼ਲ ਹੋਣਾ ਪਿਆ ਸੀ, ਤੋਂ ਬਾਅਦ ਸਾਵਾਂ ਹੋਣ ਤੋਂ ਬਾਅਦ ਦੀਆਂ ਸੇਵਾਵਾਂ ਲੈਣੀਆਂ
- ਉਮਰ ਅਤੇ ਸਭਿਆਚਾਰਕ ਤੌਰ 'ਤੇ ਢੁਕਵੀਆਂ ਸੇਵਾਵਾਂ ਲੈਣੀਆਂ
- ਬਿਨਾ ਕਿਸੇ ਲਾਗਤ ਦੇ ਪ੍ਰਮਾਣਿਤ ਦੁਭਾਸ਼ੀਆ ਅਤੇ ਅਨੁਵਾਦ ਕੀਤੀ ਹੋਈ ਸਮਗ੍ਰੀ ਉਪਲਬਧ ਕਰਾਉਣੀ
- ਤੁਹਾਡੇ ਵਲੋਂ ਮੰਗੀ ਗਈ ਜਾਣਕਾਰੀ ਅਤੇ ਤੁਹਾਡੀ ਪਸੰਦ ਦੀ ਭਾਸ਼ਾ ਜਾਂ ਫ਼ਾਰਮੈਟ ਵਿਚ ਮਦਦ ਪ੍ਰਾਪਤ ਕਰਨੀ
- ਇਲਾਜ ਦੇ ਉਪਲਬਧ ਵਿਕਲਪਾਂ ਅਤੇ ਤੁਹਾਨੂੰ ਦੱਸੇ ਗਏ ਬਦਲਵੇਂ ਇਲਾਜ ਲੈਣੇ
- ਕਿਸੇ ਵੀ ਤਜਵੀਜ਼ਸ਼ੁਦਾ ਇਲਾਜ ਤੋਂ ਮਨ੍ਹਾ ਕਰਨਾ
- ਸੰਭਾਲ ਲੈਣੀ, ਜਿਸ ਵਿਚ ਤੁਹਾਡੇ ਖ਼ਿਲਾਫ਼ (ਉਦਾਹਰਣ ਲਈ ਉਮਰ, ਨਸਲ, ਬਿਮਾਰੀ ਦੀ ਕਿਸਮ) ਪੱਖਪਾਤ ਨਾ ਕੀਤਾ ਜਾਏ
- ਕੋਈ ਵੀ ਜਿਣਸੀ ਸ਼ੋਸ਼ਣ ਜਾਂ ਤੰਗ-ਪਰੇਸ਼ਾਨ ਨਾ ਕੀਤਾ ਜਾਣਾ
- ਪਰਚੀ 'ਤੇ ਲਿਖੀਆਂ ਸਾਰੀਆਂ ਦਵਾਈਆਂ ਅਤੇ ਸੰਭਵ ਮਾੜੇ-ਅਸਰਾਂ ਬਾਰੇ ਜਾਣਕਾਰੀ ਲੈਣੀ
- ਮਾਨਸਿਕ ਸਿਹਤ ਬਾਰੇ ਅਗਾਉਂ ਹਿਦਾਇਤ ਦੇਣੀ, ਜਿਸ ਨਾਲ ਮਾਨਸਿਕ ਸਿਹਤ ਸੰਭਾਲ ਲਈ ਤੁਹਾਡੀ ਪਸੰਦ ਅਤੇ ਤਰਜੀਹਾਂ ਦਾ ਪਤਾ ਚੱਲਦਾ ਹੈ
- ਮਾਨਸਿਕ ਸਿਹਤ ਬਾਰੇ ਅਗਾਉਂ ਹਿਦਾਇਤਾਂ ਬਾਰੇ ਜਾਣਕਾਰੀ ਲੈਣੀ
- ਕੁਆਲਿਟੀ ਸੇਵਾਵਾਂ ਲੈਣੀਆਂ, ਜੋ ਮੈਡੀਕਲ ਤੌਰ 'ਤੇ ਜ਼ਰੂਰੀ ਹਨ
- ਜੇ ਤੁਸੀਂ ਆਪਣੇ ਪ੍ਰੋਵਾਈਡਰ ਨਾਲ ਅਸਹਿਮਤ ਹੋ, ਤਾਂ ਆਪਣੇ BHO ਇਲਾਕੇ ਵਿਚਲੇ ਮਾਨਸਿਕ ਸਿਹਤ ਪੇਸ਼ੇਵਰਾਂ ਤੋਂ ਹੋਰ ਰਾਇ ਲੈਣੀ
- ਆਪਣੇ ਅਤੇ ਆਪਣੇ ਬੱਚੇ (ਜੇ ਤੁਹਾਡਾ ਬੱਚਾ 13 ਸਾਲ ਤੋਂ ਘੱਟ ਉਮਰ ਦਾ ਹੈ) ਲਈ ਪ੍ਰੋਵਾਈਡਰ ਚੁਣਨਾ
- ਆਪਣੇ ਸਿਹਤ ਰਿਕਾੱਰਡਾਂ ਦੀ ਕਾੱਪੀ ਲਈ ਬੇਨਤੀ ਕਰਨੀ ਅਤੇ ਪ੍ਰਾਪਤ ਕਰਨੀ। ਤੁਹਾਨੂੰ ਕਾੱਪੀ ਦੀ ਲਾਗਤ ਦੇਣ ਲਈ ਕਿਹਾ ਜਾਏਗਾ

Washington State Department of Social & Health Services

Transforming lives

ਹੋਰ ਜਾਣਕਾਰੀ ਲਈ ਤੁਸੀਂ www.hhs.gov/ocr **'ਤੇ ਸਿਵਿਲ ਹੱਕਾਂ ਬਾਰੇ ਦਫ਼ਤਰ ਨਾਲ ਵੀ ਸੰਪਰਕ ਕਰ ਸਕਦੇ ਹੋ ਜਾਂ** http://apps.leg.wa.gov/wac/default.aspx?dispo=true&cite=388-877-0680 **'ਤੇ ਜਾਓ।**

DSHS 22-1165 PJ (Rev. 10/16)